# ਗਲੋਬਕਾਰੀ ਅਤੇ ਪੰਜਾਬੀ ਚੇਤਨਾ

ਡਾ. ਸੁਰਜੀਤ ਸਿੰਘ
ਪੰਜਾਬੀ ਯੂਨੀਵਰਸਿਟੀ,ਪਟਿਆਲਾ

ਇਸ ਸੈਮੀਨਾਰ ਦਾ ਕੇਂਦਰੀ ਥੀਮ 'ਗਲੋਬਕਾਰੀ : ਪੰਜਾਬੀ ਸਾਹਿਤ ਅਤੇ ਸਭਿਆਚਾਰ' ਇਹ ਪ੍ਰਭਾਵ ਦਿੰਦਾ ਹੈ ਕਿ ਅਸੀਂ ਗਲੋਬਕਾਰੀ ਨੂੰ ਇਕ ਅਜਿਹਾ ਵਾਜਿਬ ਵਿਆਖਿਆਤਮਕ ਅਤੇ ਨਿਰਦੇਸ਼ਕ ਸੰਕਲਪ ਮੰਨ ਕੇ ਚੱਲ ਰਹੇ ਹਾਂ ਜੋ ਵਿਸ਼ਵ ਵਿੱਚ ਚੱਲ ਰਹੀਆਂ ਰਾਜਸੀ-ਆਰਥਿਕ ਅਤੇ ਸਮਾਜਿਕ-ਸਭਿਆਚਾਰਕ ਪ੍ਰਕਿਰਿਆਵਾਂ ਨੂੰ ਸਹੀ ਸਹੀ ਪ੍ਰਗਟਾਉਂਦਾ ਹੈ। ਆਦਰਸ਼ਕ ਰੂਪ ਵਿੱਚ ਗਲੋਬਕਾਰੀ ਦਾ ਸਬੰਧ ਦੇਸ਼ਾਂ ਵਿੱਚ ਵਧ ਰਹੇ ਵਸਤਾਂ ਅਤੇ ਸੇਵਾਵਾਂ ਦੇ ਵਪਾਰ; ਸਰਮਾਏ, ਤਕਨਾਲੋਜੀ, ਗਿਆਨ, ਸੂਚਨਾ ਲੋਕਾਂ ਦੇ ਅਮਤਰਰਾਸ਼ਟਰੀ ਅਦਾਨ-ਪ੍ਰਦਾਨ ਨਾਲ ਹੈ ਜਿਸ ਰਾਹੀਂ ਵਿਸ਼ਵ ਦੀਆਂ ਆਰਥਿਕਤਾਵਾਂ ਇਕ ਦੂਜੇ ਉਪਰ ਨਿਰਭਰ ਹੋਣਗੀਆਂ ਅਤੇ ਲੋਕ ਰਾਸ਼ਟਰੀ ਹੱਦਬੰਦੀਆਂ ਨੂੰ ਉਲੰਘ ਕੇ ਇਕ ਦੂਜੇ ਨਾਲ ਜੁੜਨਗੇ ਅਤੇ ਸੰਸਾਰ ਇਕ ਗਲੋਬਲ-ਪਿੰਡ ਬਣ ਜਾਵੇਗਾ। ਸ਼ੈਮੀਨਾਰ ਦਾ ਥੀਮ ਇਹ ਪ੍ਰਭਾਵ ਵੀ ਦਿੰਦਾ ਹੈ ਕਿ ਅਸੀਂ ਗਲੋਬਕਾਰੀ ਦੇ ਪ੍ਰਵਾਨਿਤ ਹੋ ਰਹੇ ਪ੍ਰਵਚਨ ਨੂੰ ਵਰਤਮਾਨ ਦਾ ਇਤਿਹਾਸਕ ਸੱਚ ਅਤੇ ਭਵਿੱਖ ਦੇ ਸੁਪਨਮਈ ਸੰਸਾਰ ਦਾ ਇਕੋ ਇਕ ਸਿਰਜਕ ਸਵੀਕਾਰ ਕਰਨ ਜਾ ਰਹੇ ਹਾਂ,ਤਾਂ ਹੀ ਤਾਂ ਅਸੀਂ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਇਸ ਦੇ ਸਨਮੁਖ ਰੱਖ ਕੇ ਵਿਵੇਚਿਤ ਕਰਨ ਦੀ ਕੋਸ਼ਿਸ਼ ਵਿੱਚ ਲੱਗੇ ਹਾਂ। ਇਸ ਸਮੇਂ ਜਦੋਂ ਸ਼ਬਦਾਂ ਅਤੇ ਸੰਕਲਪਾਂ ਦੀ ਨਿਰਪੇਖਤਾ ਉੱਤੇ ਪ੍ਰਸ਼ਨ ਚਿੰਨ੍ਹ ਲੱਗ ਰਹੇ ਹਨ ਤਾਂ ਗਲੋਬਕਾਰੀ ਦੇ ਸੰਕਲਪ ਨੂੰ ਗ਼ੈਰ-ਵਿਸ਼ਲੇਸ਼ਣਾਤਮਕ ਅਤੇ ਅਣਆਲੋਚਨਾਤਮਕ ਤਰੀਕੇ ਨਾਲ ਸਵੀਕਾਰ ਕਰਨ ਦੇ ਗੰਭੀਰ ਨਤੀਜੇ ਹੋ ਸਕਦੇ ਹਨ। ਅਜਿਹੇ ਸਮੇਂ ਸਾਹਿਤ,ਸਭਿਆਚਾਰ ਅਤੇ ਸਮਾਜ-ਵਿਗਿਆਨਾ ਨਾਲ ਜੁੜੇ ਚਿੰਤਕਾਂ ਦੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ ਕਿ ਉਹ ਅੰਤਰਰਾਸ਼ਟਰੀ ਅਰਥ-ਵਿਵਸਥਾ ਵਿਚੋਂ ਉਤਪੰਨ ਹੋਈ ਸਿ ਪ੍ਰਕਿਰਿਆ ਵਿਚਲੇ ਅੰਤਰ-ਵਿਰੋਧਾਂ ਦੀ ਪਛਾਣ ਕਰਨ ਅਤੇ ਸਮਾਜਿਕ-ਸਭਿਆਚਾਰਕ ਖੇਤਰ ਵਿੱਚ ਇਸ ਪ੍ਰਤਿ ਉਤਪੰਨ ਹੋ ਰਹੇ ਹੁੰਗਾਰਿਆਂ( responses) ਵਿੱਚ ਪ੍ਰਭਾਵਕਾਰੀ ਦਖ਼ਲ ਦੇਣ।ਇਸ ਲਈ ਗਲੋਬਕਾਰੀ ਦੇ ਸਥਾਪਿਤ ਸੰਕਲਪ ਅਤੇ ਇਸ ਦੁਆਰਾ ਪ੍ਰਗਟ ਪ੍ਰਕਿਰਿਆ ਨੂੰ ਪ੍ਰਭਾਵਵਾਦੀ ਅੰਦਾਜ਼ ਵਿੱਚ ਅੰਤਿਮ ਅਤੇ ਅਟੱਲ ਇਤਿਹਾਸਕ ਸੱਚਾਈ ਮੰਨਣ ਦੀ ਬਜਾਏ ਇਹ ਦੇਖਣ ਦੀ ਲੋੜ ਹੈ ਕਿ ਇਸ ਰਾਹੀਂ ਕਿਸ ਕਿਸਮ ਦੇ ਰਾਜਸੀ ਅਤੇ ਆਰਥਿਕ ਹਿਤਾਂ ਅਤੇ ਧਿਰਾਂ ਦੇ ਅਨੁਭਵ ਦਾ ਸਿਧਾਂਤੀਕਰਨ ਅਤੇ ਆਦਰਸ਼ੀਕਰਨ ਹੋ ਰਿਹਾ ਹੈ। ਦੂਜੇ ਸ਼ਬਦਾਂ ਵਿੱਚ ਇੰਞ ਕਿਹਾ ਜਾ ਸਕਦਾ ਹੈ ਕਿ ਗਲੋਬਕਾਰੀ ਦੇ ਸੰਮੋਹਨ ਜਾਂ ਆਕਰਸ਼ਣ ਵਿਚੋਂ ਨਿਕਲ ਕੇ ਇਸ ਨੂੰ ਇਕ ਸਿਰਜਿਤ ਪ੍ਰਵਚਨ ਦੇ ਤੌਰ ਤੇ ਸਮਝਣ ਦੀ ਲੋੜ ਹੈ ਅਤੇ ਇਸ ਪ੍ਰਵਚਨ ਦੇ ਨਿਰਮਾਣਕਾਰੀ ਤੱਤਾਂ, ਇਸ ਦੇ ਵਿਚਾਰਧਾਰਕ ਸੂਤਰਾਂ ਅਤੇ ਉਸ ਸਮੁੱਚੀ ਇਤਿਹਾਸਕ ਪ੍ਰਕਿਰਿਆ ਨੂੰ ਪਛਾਣਨ ਦੀ ਲੋੜ ਹੈ ਜਿਸ ਵਿਚੋਂ ਇਸ ਨੇ ਜਨਮ ਲਿਆ ਹੈ।

ਸ਼ਬਦ ਗਲੋਬਕਾਰੀ ਵਿੱਚ ਇਕੋ ਸਮੇਂ ਵਰਤਮਾਨ ਇਤਿਹਾਸਕ ਪ੍ਰਕਿਰਿਆ ਦੀ ਸਹੀ ਵਿਆਖਿਆ ਦਾ ਦਾਅਵਾ ਵੀ ਸ਼ਾਮਿਲ ਹੈ ਅਤੇ ਸੁਨਹਿਰੇ ਭਵਿੱਖ ਲਈ ਦਿਸ਼ਾ- ਨਿਰਦੇਸ਼ਾਂ(prescriptions) ਦਾ ਬਖਾਨ ਵੀ। ਇਸ ਲਈ ਇਸਨੂੰ ਦੋ ਪੱਧਰਾਂ ਉੱਤੇ ਸਮਝਣ ਦੀ ਲੋੜ ਹੈ। ਪਹਿਲਾ ਕਿ ਕੀ ਵਪਾਰ, ਸਰਮਾਏ, ਸੂਚਨਾ,ਤਕਨਾਲੋਜੀ, ਗਿਆਨ ਅਤੇ ਲੋਕਾਂ ਦੇ ਅਦਾਨ-ਪ੍ਰਦਾਨ ਦੀ ਵਰਤਮਾਨ ਵਿਵਸਥਾ ਨੂੰ ਇਹ ਸੰਕਲਪ ਠਕਿ ਤਰ੍ਹਾਂ ਪ੍ਰਗਟਾਉਂਦਾ ਹੈ ਕਿ ਨਹੀਂ? ਦੂਜਾ ਕਿ ਇਸ ਕਿਸਮ ਦੀ ਗਲੋਬਕਾਰੀ ਨੂੰ ਸਾਕਾਰ ਕਰਨ ਲਈ ਬਜਿੱਦ ਸ਼ਕਤੀਆਂ ਦੁਆਰਾ ਦਿੱਤੇ ਜਾ ਰਹੇ ਦਿਸ਼ਾ-ਨਿਰਦੇਸ਼ ਕੀ ਸੱਚਮੁਚ ਕਿਸੇ ਨਿਆਂਪੂਰਕ,ਬਰਾਬਰ ਦੇ ਅਧਿਕਾਰਾਂ ਅਤੇ ਅੰਤਰ-ਨਿਰਭਰਤਾ ਵਾਲੇ ਗਲੋਬਲ-ਪਿੰਡ ਦੇ ਨਿਰਮਾਣ ਵਿੱਚ ਸਹਾਈ ਹੋ ਸਕਦੇ ਹਨ? ਇਨ੍ਹਾਂ ਦੋ ਪੱਧਰਾਂ ਉਤੇ ਵਿਸ਼ਲੇਸ਼ਣ ਕਰਨ ਉਪਰੰਤ ਹੀ ਅਸੀਂ ਗਲੋਬਕਾਰੀ ਦੀ ਵਿਚਾਰਧਾਰਾ ਨੂੰ ਸਮਝਣ ਦੇ ਸਮਰੱਥ ਹੋ ਸਕਦੇ ਹਾਂ।

ਸਭ ਤੋਂ ਪਹਿਲਾਂ ਤਾਂ ਗਲੋਬਕਾਰੀ ਨੂੰ ਉਸ ਤੀਹਰੀ ਪ੍ਰਕਿਰਿਆ ਦੇ ਅੰਗ ਵਜੋਂ ਵਿਚਾਰਨਾ ਬਣਦਾ ਹੈ ਜਿਸ ਵਿੱਚ ਗਲੋਬਕਾਰੀ ਤੋਂ ਪਹਿਲਾਂ ਉਦਾਰੀਕਰਨ ਅਤੇ ਨਿਜੀਕਰਨ ਦੀਆਂ ਪ੍ਰਕਿਰਿਆਵਾਂ ਆਉਂਦੀਆਂ ਹਨ। ਇਸ ਤਰ੍ਹਾਂ ਉਦਾਰੀਕਰਨ ਅਤੇ ਨਿਜੀਕਰਨ ਗਲੋਬਕਾਰੀ ਦਾ ਅਭਿੰਨ ਅੰਗ ਹਨ। ਉਦਾਰੀਕਰਨ ਅਧੀਨ ਉਹ ਨੀਤੀਆਂ ਆਉਂਦੀਆਂ ਹਨ ਜਿਨ੍ਹਾਂ ਰਾਹੀਂ ਅੰਤਰਰਾਸ਼ਟਰੀ ਵਪਾਰ ਅਤੇ ਸਰਮਾਏ ਦੇ ਬੇਰੋਕ ਵਹਾਓ ਉਤੇ ਬੰਦਿਸ਼ ਲਗਾਉਣ ਵਾਲੇ ਕਾਨੂੰਨਾਂ ਨੂੰ ਖ਼ਤਮ ਕੀਤਾ ਜਾਂਦਾ ਹੈ, ਆਯਾਤ ਉਤੇ ਕਸਟਮ ਡਿਊਟੀ ਘਟਾਈ ਜਾਂਦੀ ਹੈ, ਵਿਦੇਸ਼ੀ ਪੂੰਜੀ-ਨਿਵੇਸ਼ ਦੇ ਸਾਹਮਣੇ ਆਉਣ ਵਾਲੀਆਂ ਰੁਕਾਵਟਾਂ ਖ਼ਤਮ ਕੀਤੀਆਂ ਜਾਂਦੀਆਂ ਹਨ ਅਤੇ

ਸਥਾਨਕ-ਰਾਸ਼ਟਰੀ ਉਦਿਯੋਗ ਦੀ ਰੱਖਿਆ ਲਈ ਸਥਾਪਿਤ ਬਚਾਓਪੱਖੀ ਨਿਯੰਤਰਣ ਖ਼ਤਮ ਕਰ ਦਿੱਤੇ ਜਾਂਦੇ ਹਨ। ਨਿਜੀਕਰਨ ਤਹਿਤ ਸਰਕਾਰਾਂ ਪਬਲਿਕ ਸੈਕਟਰ ਦੇ ਪਰੰਪਰਾਗਤ ਇਦਾਰਿਆਂ ਅਤੇ ਉਦਿਯੋਗਾਂ ਨੂੰ ਨਿੱਜੀ ਹੱਥਾਂ ਵਿੱਚ ਸੌਂਪਦੀਆਂ ਹਨ। ਗਲੋਬਕਾਰੀ ਦੇ ਸਮਰਥਕਾਂ ਅਨੁਸਾਰ ਇਸ ਤਰ੍ਹਾਂ ਕਰਨ ਨਾਲ ਇਕ ਮੁਕਤ ਬਜਾਰ ਵਿਵਸਥਾ ਹੋਂਦ ਵਿੱਚ ਆਉਂਦੀ ਹੈ ਜਿਸ ਦੇ ਸਿੱਟੇ ਵਜੋਂ ਉਦਿਯੋਗਿਕ ਵਿਕਾਸ ਵਿੱਚ ਵਾਧਾ ਹੁੰਦਾ ਹੈ। ਸੇਵਾਵਾਂ ਵਪਾਰ ਤੇ ਉਦਿਯੋਗ ਵਿੱਚ ਵਿਸ਼ੇਸ਼ਗਤਾ ਨੂੰ ਉਤਸ਼ਾਹ ਮਿਲਦਾ ਹੈ, ਮੁਕਾਬਲੇਬਾਜੀ ਵਧਦੀ ਹੈ ਅਤੇ ਮਨੋਪਲੀਆਂ ਖ਼ਤਮ ਹੁੰਦੀਆਂ ਹਨ ਅਤੇ ਇਸ ਸਭ ਦੇ ਸਿੱਟੇ ਵਜੋਂ ਉਪਰ ਤੋਂ ਹੇਠਾਂ ਤਕ ਲਾਭ ਪਹੁੰਚਦਾ ਹੈ। ਇਨ੍ਹਾਂ ਦਾਅਵਿਆਂ ਨੂੰ ਜਦੋਂ ਅਸੀਂ ਇਤਿਹਾਸਕ ਪਿਛੋਕੜ ਅਤੇ ਵਰਤਮਾਨ ਹਕੀਕਤਾਂ ਨਾਲ ਮੇਲ ਕੇ ਦੇਖਦੇ ਹਾਂ ਤਾਂ ਸਭ ਕੁਝ ਉਲਟਾ ਪੁਲਟਾ ਹੋਇਆ ਨਜ਼ਰ ਆਉਂਦਾ ਹੈ। ਉਦਾਰੀਕਰਨ ਅਤੇ ਨਿੱਜੀਕਰਨ ਨਾਲ ਅਨਿੱਖਵਵੇਂ ਰੂਪ ਵਿੱਚ ਜੁੜੀ ਗਲੋਬਕਾਰੀ ਵਿਕਸਿਤ-ਉਦਿਯੋਗਿਕ ਦੇਸ਼ਾਂ ਅਤੇ ਵਿਸ਼ੇਸ਼ਕਰ ਅਮਰੀਕਾ ਦੇ ਨਵ-ਬਸਤੀਵਾਦੀ ਡਿਜ਼ਾਇਨ ਦਾ ਹਿੱਸਾ ਬਣੀ ਨਜ਼ਰ ਆਉਂਦੀ ਹੈ ਜਿਨ੍ਹਾਂ ਨੇ ਅਪਣੇ ਅੰਦਰੂਨੀ ਆਰਥਿਕ ਵਿਕਾਸ ਦੀ ਖੜੋਤ ਨੂੰ ਤੋੜਨ ਲਈ ਅਤੇ ਸਰਮਾਏਦਾਰੀ ਵਿਕਾਸ ਮਾਰਗ ਦੇ ਅੰਤਰੀਵੀ ਵਿਰੋਧਾਂ ਕਾਰਣ ਹੋਣ ਵਾਲੇ ਵਿਸਫੋਟ ਨੂੰ ਰੋਕਣ ਲਈ ਵਿਸ਼ਵ ਵਪਾਰ ਸੰਗਠਨ ਅਤੇ ਹੋਰ ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਦੇ ਪਲੈਟਫ਼ਾਰਮ ਰਾਹੀਂ ਨਵੀਂ ਸੰਸਾਰ ਅਰਥ-ਵਿਵਸਥਾ(New world economic order) ਦੀ ਸਥਾਪਨਾ ਕੀਤੀ ਅਤੇ ਆਪਣੇ ਸੀਮਿਤ ਹਿਤਾਂ (ਜਿਨ੍ਹਾਂ ਨੂੰ ਸਾਮਰਾਜੀ ਹਿਤ ਵੀ ਕਿਹਾ ਜਾ ਸਕਦਾ ਹੈ) ਦੇ ਸੰਮੋਹਕ ਪ੍ਰਵਚਨ ਵਜੋਂ ਗਲੋਬਕਾਰੀ ਦਾ ਸੰਕਲਪ ਪੇਸ਼ ਕੀਤਾ।

ਸ਼ੰਚਾਰ ਸਾਧਨਾ ਅਤੇ ਤਕਨਾਲੋਜੀ ਦੇ ਤਿੱਖੇ ਵਿਕਾਸ ਦੇ ਸਨਮੁਖ ਵਿਕਸਿਤ ਦੇਸ਼ਾਂ ਵਿੱਚ ਉੱਸਰੇ ਵਿਸ਼ਾਲ ਉਦਿਯੋਗਿਕ ਢਾਂਚੇ ਅਤੇ ਪੈਦਾ ਹੋਈ ਵਾਫ਼ਰ ਪੂੰਜੀ ਦੇ ਹੋਰ ਵਿਸਤਾਰ ਦੇ ਸਾਹਮਣੇ ਰਾਸ਼ਟਰੀ ਪੱਧਰ ਉਤੇ ਸੀਮਿਤ ਮੰਗ ਇਕ ਵੰਗਾਰ ਬਣ ਗਈ ਕਿਉਂਕਿ ਉਤਪਾਦਨ ਕਾਰਜ ਵਿੱਚ ਵਾਫ਼ਰ ਪੂੰਜੀ ਦੇ ਮੁੜ ਨਿਵੇਸ਼ ਦੀਆਂ ਸੰਭਾਵਨਾਵਾਂ ਖ਼ਤਮ ਹੋ ਗਈਆਂ। ਇਹ ਪੂੰਜੀ ਪਹਿਲਾਂ ਪਹਿਲ ਵਿੱਤੀ ਸੰਸਥਾਵਾਂ ਅਤੇ ਬੈਂਕਾਂ ਰਾਹੀਂ ਵਿਕਾਸਸ਼ੀਲ ਦੇਸ਼ਾਂ ਨੂੰ ਦਿੱਤੇ ਜਾਂਦੇ ਕਰਜ਼ਿਆਂ ਵਿੱਚ ਲਗਾਈ ਜਾਣ ਲੱਗੀ ਪਰ ਛੇਤੀ ਹੀ ਸੋਵੀਅਤ ਸੰਘ ਦੇ ਟੁੱਟਣ ਉਪਰੰਤ ਠਮਡੀ ਜੰਗ ਦੇ ਖ਼ਾਤਮੇ ਨਾਲ ਸਿੱਧੇ ਨਿਵੇਸ਼ਾਂ ਦੇ ਮੁਕਤ ਵਹਾਓ(free flow) ਦੀ ਮੰਗ ਦਾ ਆਧਾਰ ਬਣ ਗਈ। ਠੰਡੀ ਜੰਗ ਸਮੇਂ ਵਿਕਾਸਸ਼ੀਲ ਦੇਸ਼ਾਂ ਨੂੰ ਆਪਣੇ ਨਾਲ ਜੋੜੀ ਰੱਖਣ ਦੀ ਸਟਰੈਟਜੀ ਅਧੀਨ ਅਪਣਾਈਆਂ ਜਾਂਦੀਆਂ ਨੀਤੀਆਂ ਨੂੰ ਤਿਆਗ ਕੇ ਅਮਰੀਕਾ ਸਿੱਧਾ ਹੀ ਉਨ੍ਹਾਂ ਪਾਰ-ਰਾਸ਼ਟਰੀ ਕੰਪਨੀਆਂ ਦਾ ਬੁਲਾਰਾ ਬਣ ਗਿਆ ਜਿਨ੍ਹਾਂ ਨੂੰ ਵਾਫ਼ਰ ਪੂੰਜੀ ਮੁਨਾਫ਼ੇਦਾਰ ਖੇਤਰਾਂ ਵਿੱਚ ਨਿਵੇਸ਼ ਕਰਨ ਦੀ ਜ਼ਰੂਰਤ ਸੀ। ਤੀਜੀ ਦੁਨੀਆਂ ਦੇ ਵਿਕਾਸਸ਼ੀਲ ਦੇਸ਼ ਜਿੱਥੇ ਸਸਤੀ ਕਿਰਤ ਦਾ ਸਰੋਤ ਸਨ ਉੱਥੇ ਬਹੁਤ ਵੱਡੇ ਬਾਜ਼ਾਰ ਵੀ ਸਨ ਜਿੱਥੋਂ ਮਣਾਂਮੂੰਹੀਂ ਮੁਨਾਫ਼ਾ ਕਮਾਇਆ ਜਾ ਸਕਦਾ ਸੀ.ਵਿਕਸਿਤ ਦੇਸ਼ਾਂ ਵਿੱਚ ਮੌਜੂਦ ਵਾਫ਼ਰ ਸਰਮਾਇਆ ਹੁਣ ਦੋ ਹੀ ਹਾਲਤਾਂ ਵਿੱਚ ਵਧ ਸਕਦਾ ਸੀ - ਇਕ ਤੀਜੀ ਦੁਨੀਆਂ ਵਿਚਲੀ ਵਿਸ਼ਾਲ ਤੇ ਸਸਤੀ ਕਿਰਤ-ਸ਼ਕਤੀ ਦੀ ਉਤਪਾਦਨ ਵਿੱਚ ਵਰਤੋਂ ਨਾਲ ਅਤੇ ਦੂਜਾ ਉਤਪਾਦਨਾ ਨੂੰ ਉਨ੍ਹਾਂ ਦੀ ਹੀ ਵਿਸ਼ਾਲ ਮੰਡੀ ਵਿੱਚ ਵੇਚਣ ਨਾਲ। ਇਸ ਤਰ੍ਹਾਂ ਵਿਕਸਿਤ ਦੇਸ਼ਾਂ ਵਿੱਚ ਸਥਿਤ ਪਾਰ-ਰਾਸ਼ਟਰੀ ਕੰਪਨੀਆਂ ਦੇ ਸਰਮਾਏ ਦੇ ਮੁਕਤ ਅੰਤਰਰਾਸ਼ਟਰੀ ਵਹਾਓ ਨੂੰ ਯਕੀਨੀ ਬਨਾਉਣ ਲਈ ਪਹਿਲਾਂ ਗੈਟ ਸਮਝੌਤੇ ਅਤੇ ਫਿਰ ਵਿਸ਼ਵ-ਵਪਾਰ ਸੰਗਠਨ ਦੇ ਹੋਂਦ ਵਿੱਚ ਆਉਣ ਨਾਲ ਵਿਕਾਸਸ਼ੀਲ ਦੇਸ਼ਾਂ ਉੱਤੇ ਅਜਿਹਾ ਇਕ ਪਾਸੜ ਦਬਾਓ ਪਾਇਆ ਗਿਆ ਜਿਸ ਅੱਗੇ ਝੁਕਦਿਆਂ ਉਨ੍ਹਾਂ ਨੇ ਸਟ੍ਰਕਚਰਲ ਐਡਜਸਟਮੈਂਟ ਪਾਲਿਸੀ(S.A.P.) ਅਧੀਨ ਉਦਾਰੀਕਰਨ ਅਤੇ ਨਿੱਜੀਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ। ਆਧੁਨਿਕ ਵਿਸ਼ਵ ਇਤਿਹਾਸ ਵਿੱਚ ਸਰਮਾਏਦਾਰੀ ਵਿਕਾਸ ਪੱਖੋਂ ਪੱਛੜੇ ਹੋਏ ਪਰੰਤੂ ਵਿਕਾਸਸ਼ੀਲ ਦੇਸ਼ਾਂ ਦੇ ਅਗਲੇਰੇ ਵਿਕਾਸ ਲਈ ਲੋੜੀਂਦਾ ਰਾਸ਼ਟਰੀ ਵਿਕਾਸ ਮਾਡਲ ਰੱਦ ਕਰ ਦਿੱਤਾ ਗਿਆ ਅਤੇ ਰਾਸ਼ਟਰੀ ਕਲਿਆਣਕਾਰੀ ਕਾਰਜਾਂ ਉੱਤੇ ਦਿੱਤੀਆਂ ਜਾਂਦੀਆਂ ਸਬਸਿਡੀਆਂ ਨੂੰ ਖੁੱਲ੍ਹੇ ਬਜ਼ਾਰ ਦੇ ਮੁਕਾਬਲੇ ਦੇ ਰਸਤੇ ਵਿੱਚ ਰੁਕਾਵਟ ਦੱਸਿਆ ਗਿਆ। ਪ੍ਰੋਟੈਕਸ਼ਨਿਸਟ ਵਿਵਸਥਾ ਅਧੀਨ ਆਰਥਿਕ ਵਿਕਾਸ ਨੂੰ ਹਾਸਲ ਕਰਨ ਵਾਲੇ ਵਿਕਸਿਤ ਦੇਸ਼ਾਂ ਨੂੰ ਹੁਣ ਵਿਕਾਸਸ਼ੀਲ ਦੇਸ਼ਾਂ ਵਿਚਲੀ ਖ਼ੁਦਮੁਖ਼ਤਾਰ ਰਾਸ਼ਟਰੀ ਅਰਥ-ਵਿਵਸਥਾ ਦੀਆਂ ਪ੍ਰੋਟੈਕਸ਼ਨਿਸਟ ਨੀਤੀਆਂ ਅੱਖਰਣ ਲੱਗੀਆਂ। ਇਸ ਤਰ੍ਹਾਂ ਗਲੋਬਕਾਰੀ ਵਿਕਸਿਤ ਦੇਸ਼ਾਂ ਦੁਆਰਾ ਵਿਕਾਸਸ਼ੀਲ ਦੇਸ਼ਾਂ ਦੀ ਰਾਜਸੀ-ਆਰਥਿਕਤਾ ਉੱਤੇ ਪ੍ਰਭੁਤਾ ਦਾ ਪ੍ਰਵਚਨ ਹੈ।

ਦੇਖਣ ਦੀ ਲੋੜ ਹੈ ਕਿ ਇਸ ਕਿਸਮ ਦੀ ਗਲੋਬਕਾਰੀ ਰਾਹੀਂ ਸੰਭਵ ਹੋਇਆ ਵਪਾਰ, ਸਰਮਾਏ, ਸੇਵਾਵਾਂ, ਸੂਚਨਾ, ਤਕਨਾਲੋਜੀ, ਗਿਆਨ ਅਤੇ ਲੋਕਾਂ ਦਾ ਆਦਾਨ-ਪ੍ਰਦਾਨ ਕੀ ਰੁਖ ਅਖ਼ਤਿਆਰ ਕਰ ਰਿਹਾ ਹੈ? ਪਹਿਲੀ ਗੱਲ ਤਾਂ ਇਹ ਹੈ ਕਿ ਅੰਤਰਰਾਸ਼ਟਰੀ ਪੱਧਰ ਉੱਤੇ ਗਤੀਸ਼ੀਲ ਸਰਮਾਇਆ ਮੁੱਖ ਤੌਰ ਉੱਤੇ

ਵਿੱਤੀ-ਸਰਮਾਇਆ(finance capital) ਹੈ। ਇਹ ਸਰਮਾਇਆ ਵਿਕਾਸਸ਼ੀਲ ਦੇਸ਼ਾਂ ਵਿੱਚ ਉਦਿਯੋਗ ਅਤੇ ਉਤਪਾਦਨ ਦੀਸ਼ਾਂ ਸ਼ਕਤੀਆਂ ਦੇ ਵਿਕਾਸ ਉੱਤੇ ਨਹੀਂ ਲੱਗ ਰਿਹਾ ਸਗੋਂ ਸ਼ਿਅਰ-ਬਾਜ਼ਾਰ ਵਿਚਲੀ ਸਪੈਕੂਲੇਸ਼ਨ ਦੇ ਸਿਰ 'ਤੇ ਵਧ-ਫੁੱਲ ਰਿਹਾ ਹੈ। ਇਹੀ ਕਾਰਣ ਹੈ ਕਿ ਓੁਦਾਰੀਕਰਨ ਤੋਂ ਬਾਅਦ ਦੇ ਦੌਰ ਵਿੱਚ ਇਸ ਅੰਤਰਰਾਸ਼ਟਰੀ ਸਰਮਾਏ ਦਾ ਨਿਵੇਸ਼ ਨਵੀਆਂ ਉਦਿਯੋਗਿਕ ਇਕਾਈਆਂ ਉੱਤੇ ਨਹੀਂ ਹੋਇਆ ਸਗੋਂ ਮੌਜੂਦਾ ਛੋਟੀਆਂ-ਵੱਡੀਆਂ ਸਥਾਪਿਤ ਇਕਾਈਆਂ ਦੀ ਮਾਲਕੀ ਹਾਸਿਲ ਕਰਨ ਉੱਤੇ ਹੀ ਹੋਇਆ ਹੈ। ਭਾਰਤ ਵਿੱਚ ਕੋਲਡ ਡ੍ਰਿੰਕਸ ਅਤੇ ਇਲੈਕਟ੍ਰੋਨਿਕਸ ਉਤਪਾਦਨ ਦੀਆਂ ਇਕਾਈਆਂ ਨੂੰ ਪਾਰ-ਰਾਸ਼ਟਰੀ ਕੰਪਨੀਆਂ ਵੱਲੋਂ ਖਰੀਦੇ ਜਾਣਾ, ਮਾਰੂਤੀ ਦਾ ਨਿੱਜੀਕਰਨ ਅਤੇ ਇੰਝ ਹੀ ਬਾਲਕੋ ਵਰਗੇ ਅਨੇਕਾਂ ਹੀ ਮੁਨਾਫ਼ੇ ਵਾਲੇ ਉਦਿਯੋਗਾਂ ਨੂੰ ਨਿੱਜੀ ਹਥਾਂ ਵਿੱਚ ਦਿੱਤਾ ਗਿਆ ਹੈ। ਭਾਰਤੀ ਸਰਮਾਏਦਾਰੀ ਕੋਲ ਤਬਾਹ ਹੋ ਜਾਣ ਅਤੇ ਪਾਰਰਾਸ਼ਟਰੀ ਕੰਪਨੀਆਂ ਦਾ ਮਾਮੂਲੀ ਹਿੱਸੇਦਾਰ ਬਣਨ ਵਿਚਕਾਰ ਕੋਈ ਰਾਹ ਨਹੀਂ ਹੈ. ਇਸ ਸਭ ਕਾਰਣ ਲੱਖਾਂ ਦੀ ਗਿਣਤੀ ਵਿੱਚ ਮਜਦੂਰ ਬੇਰੁਜਗਾਰ ਹੋਏ ਹਨ। ਇਸ ਤਰ੍ਹਾਂ ਵਿੱਤੀ ਪੂੰਜੀ ਦੇ ਰੂਪ ਵਿੱਚ ਗਤੀਸ਼ੀਲ ਅੰਤਰਰਾਸ਼ਟਰੀ ਸਰਮਾਏ ਨੇ ਭਾਰਤ ਦੀ ਮੌਜੂਦਾ ਸੱਨਅਤ ਦੀ ਮਲਕੀਅਤ ਹੀ ਹਥਿਆਈ ਹੈ, ਕਿਸੇ ਉਦਿਯੋਗਿਕ-ਵਿਕਾਸ ਨੂੰ ਪੈਦਾ ਨਹੀਂ ਕੀਤਾ। ਤਕਨਾਲੋਜੀ ਦੇ ਖੇਤਰ ਦਾ ਜਾਇਜ਼ਾ ਲਈਏ ਤਾਂ ਵੀ ਇਹ ਤੱਥ ਗਲੋਬਕਾਰੀ ਦੇ ਸਮਰਥਕਾਂ ਦੇ ਦਾਅਵੇ ਦੇ ਉਲਟ ਜਾਂਦਾ ਹੈ ਕਿ ਉਦਾਰੀਕਰਨ ਦੀ ਨੀਤੀ ਅਪਨਾਉਣ ਤੋਂ ਬਾਅਦ ਵਿਕਸਿਤ ਦੇਸ਼ਾਂ ਵੱਲੋਂ ਵਿਕਾਸਸ਼ੀਲ ਦੇਸ਼ਾਂ ਵੱਲ ਉਸ ਆਧੁਨਿਕਤਮ ਤਕਨਾਲੋਜੀ ਦਾ ਨਿਕਾਸ ਨਹੀਂ ਹੋਇਆ ਜਿਸ ਦੀ ਵਰਤੋਂ ਉਹ ਆਪਣੇ ਉਦਿਯੋਗਾਂ ਦੇ ਵਿਕਾਸ ਲਈ ਕਰ ਰਹੇ ਹਨ। ਭਾਰਤ ਵਿੱਚ ਬਿਜਲੀ ਉਤਪਾਦਨ ਲਈ ਲੱਗੇ ਐਨਰੋਨ ਪ੍ਰੋਜੈਕਟ ਵਿੱਚ ਮਹਿੰਗੀ ਅਤੇ ਪੁਰਾਣੀ ਹੋ ਚੁੱਕੀ ਤਕਨਾਲੋਜੀ ਦੀ ਵਰਤੋਂ ਹੋ ਰਹੀ ਹੈ ਜਿਸ ਦਾ ਖ਼ਮਿਆਜ਼ਾ ਭਾਰਤੀ ਆਵਾਮ ਨੂੰ ਭੋਗਣਾ ਪਵੇਗਾ। ਇਸ ਤਰ੍ਹਾਂ ਤਕਨਾਲੋਜੀ ਦਾ ਆਦਾਨ-ਪ੍ਰਦਾਨ ਨਾਂਹ ਦੇ ਬਰਾਬਰ ਹੈ ਤੇ ਜਿਹੜੀ ਤਕਨਾਲੋਜੀ ਵਿਕਾਸਸ਼ੀਲ ਦੇਸ਼ਾਂ ਨੂੰ ਭੇਜੀ ਜਾ ਰਹੀ ਹੈ ਉਹ ਜ਼ਿਆਦਾਤਰ ਵੇਲਾ ਵਿਹਾ ਚੁੱਕੀ ਤਕਨਾਲੋਜੀ ਹੈ। ਸੇਵਾਵਾਂ ਦੇ ਖੇਤਰ ਵਿੱਚ ਆਦਾਨ-ਪ੍ਰਦਾਨ ਇਸ ਕਦਰ ਅਸੰਤੁਲਿਤ ਹੈ ਕਿ ਵਿਕਸਿਤ ਦੇਸ਼ਾਂ ਵਿੱਚ ਸਥਿਤ ਪਾਰਰਾਸ਼ਟਰੀ ਕਾਰਪੋਰੇਸ਼ਨਾ ਸੂਚਨਾ ਅਤੇ ਬੈਂਕਿੰਗ ਸੇਵਾਵਾਂ ਵਿੱਚ ਆ ਚੁੱਕੀਆਂ ਹਨ ਅਤੇ ਬੀਮਾਂ ਖੇਤਰ ਵਿੱਚ ਉਨ੍ਹਾਂ ਦੀ ਆਮਦ ਦੇ ਰਸਤੇ ਖੋਲ੍ਹੇ ਜਾ ਰਹੇ ਹਨ ਜਿਨ੍ਹਾਂ ਨਾਲ ਸਥਾਨਕ ਪੂੰਜੀ ਦਾ ਨਿਕਾਸ ਬਾਹਰ ਵੱਲ ਨੂੰ ਤਾਂ ਹੋ ਰਿਹਾ ਹੈ ਅੰਦਰ ਵੱਲ ਨੂੰ ਨਹੀਂ। ਇਹ ਉਸੇ ਤਰ੍ਹਾਂ ਦੀ ਡਰੇਨੇਜ ਜਿਸ ਨੂੰ ਭਾਰਤ ਵਿੱਚ ਅਮਗਰੇਜ਼ੀ ਬਸਤੀਵਾਦ ਦਾ ਲੇਖਾ ਜੋਖਾ ਕਰਨ ਵਾਲੇ ਅਰਥਸ਼ਸਤਰੀ ਦਾਦਾ ਭਾਈ ਨਾਰੋਜੀ ਨੇ ਪਛਾਣਿਆ ਸੀ। ਸੋ ਸੇਵਾਵਾਂ ਦੀ ਗਲੋਬਕਾਰੀ ਵੀ ਪੂੰਜੀ ਦੇ ਇਕਪਾਸੜ ਵਹਾਓ ਨੂੰ ਪੈਦਾ ਕਰ ਰਹੀ ਹੈ। ਜਿਥੋਂ ਤਕ ਲੋਕਾਂ ਦੇ ਆਦਾਨ-ਪ੍ਰਦਾਨ ਦਾ ਮਸਲਾ ਹੈ, ਜਿਸ ਬਾਰੇ ਬਹੁਤੇ ਵਿਦਵਾਨ ਉਤਸ਼ਾਹ ਦਿਖਾਉਂਦੇ ਹਨ ਉਥੇ ਸਥਿਤੀ ਇਹ ਹੈ ਕਿ ਹੁਨਰਮੰਦ ਕਿਰਤੀਆਂ ਦੇ ਪਰਵਾਸ ਉਪਰ ਤਾਂ ਰੋਕਾਂ ਘਟਾਈਆਂ ਜਾ ਰਹੀਆਂ ਹਨ ਪਰ ਗੈਰ-ਹੁਨਰਮੰਦ ਕਿਰਤੀਆਂ ਦੇ ਪਰਵਾਸ ਉਪਰ ਰੋਕਾਂ ਪਹਿਲਾਂ ਨਾਲੋਂ ਸਖ਼ਤ ਹੋ ਗਈਆਂ ਹਨ। ਇਸ ਦਾ ਅਸਰ ਇਹ ਹੋ ਰਿਹਾ ਹੈ ਕਿ ਹੁਨਰਮੰਦ ਵਿਅਕਤੀ ਵਿਕਸਿਤ ਦੇਸ਼ਾਂ ਵਿੱਚ ਜਾ ਕੇ ਉਨ੍ਹਾਂ ਦੀ ਆਰਥਿਕਤਾ ਦਾ ਲਾਹੇਵੰਦ ਪੁਰਜ਼ਾ ਬਣ ਰਹੇ ਹਨ ਪਰ ਘੱਟ ਵਿਕਸਿਤ ਤੇ ਵਿਕਾਸਸ਼ੀਲ ਦੇਸ਼ਾਂ ਦਾ ਪ੍ਰੋਲਤਾਰੀਕਰਨ ਹੋ ਰਿਹਾ ਹੈ, ਭਾਵ ਉਥੇ ਗੈਰ-ਹੁਨਰਮੰਦ ਕਿਰਤ ਦੀ ਫ਼ੌਜ ਜਮ੍ਹਾ ਹੋ ਰਹੀ ਹੈ। ਕਿਰਤ ਦੀ ਇਸ ਵੰਡ ਦੇ ਮੱਦੇਨਜ਼ਰ ਗਲੋਬਕਾਰੀ ਲੋਕਾਂ ਦੇ ਖੁਲ੍ਹੇ ਆਦਾਨ-ਪ੍ਰਦਾਨ ਦੀ ਬਜਾਏ ਹੁਨਰਮੰਦੀ ਦੇ ਇੱਕਪਾਸੜ ਨਿਕਾਸ ਦੇ ਨਾਲ ਨਾਲ ਵਿਕਾਸਸ਼ੀਲ ਦੇਸ਼ਾਂ ਵਿੱਚ ਵਾਫ਼ਰ ਮਨੁੱਖੀ ਕਿਰਤ ਦੇ ਜਮ੍ਹਾਂ ਹੋਣ ਦਾ ਮਾਧਿਅਮ ਬਣ ਰਹੀ ਹੈ ਜਿਸ ਦਾ ਸਸਤੇ ਵਿਕਣਾ ਪਾਰਰਾਸ਼ਟਰੀ ਕੰਪਨੀਆਂ ਨੂੰ ਸੂਤ ਬਹਿੰਦਾ ਹੈ। ਸਾਡੇ ਲਈ ਸਭ ਤੋਂ ਆਕਰਸ਼ਕ ਮਸਲਾ ਗਲੋਬਕਾਰੀ ਦੀ ਸਮੁਚਿਤ ਪ੍ਰਕਿਰਿਆ ਅਧੀਨ ਸੂਚਨਾ ਅਤੇ ਗਿਆਨ ਦੇ ਸੁਤੰਤਰ ਵਹਾਓ ਦਾ ਮਸਲਾ ਹੈ ਜਿਸ ਦੇ ਸੰਮੋਹਨ ਵਿੱਚ ਸਾਡਾ ਬੁਧੀਜੀਵੀ ਵਰਗ ਉਤਸ਼ਾਹਵਸ ਗਲੋਬਕਾਰੀ ਦੇ ਸਥਾਪਿਤ ਪ੍ਰਵਚਨ ਨਾਲ ਸਹਿਮਤ ਹੋ ਜਾਂਦਾ ਹੈ। ਸੂਚਨਾ ਤਕਨਾਲੋਜੀ ਵਿੱਚ ਹੋਏ ਤਿੱਖੇ ਵਿਕਾਸ ਨੂੰ ਤੀਜੀ ਉਦਿਯੋਗਿਕ ਕ੍ਰਾਂਤੀ ਦੀ ਸੰਗਿਆ ਦਿੱਤੀ ਜਾ ਰਹੀ ਹੈ। ਕੋਈ ਵੀ ਉਦਿਯੋਗਿਕ ਕ੍ਰਾਂਤੀ ਆਪਣੇ ਆਪ ਵਿੱਚ ਸਮਾਨਤਾ, ਨਿਆਂ ਤੇ ਅੰਤਰਨਿਰਭਰਤਾ ਵਾਲੇ ਸਮਾਜ ਦੀ ਸਿਰਜਣਾ ਦੀ ਜਾਮਨ ਨਹੀਂ ਹੁੰਦੀ ਜਦ ਤਕ ਇਸ ਦੇ ਲਾਭ ਨਿੱਜੀ ਜਾਇਦਾਦ ਉੱਤੇ ਆਧਾਰਿਤ ਵਿਵਸਥਾ ਦੇ ਅੰਤਰਗਤ ਉਪਰਲੇ ਵਰਗਾਂ ਤਕ ਸੀਮਿਤ ਰਹਿੰਦੇ ਹਨ। ਇੰਟਰਨੈਟ, ਜੋ ਸੂਚਨਾ ਕ੍ਰਾਂਤੀ ਦੀ ਸਰਵੋਤਮ ਪ੍ਰਾਪਤੀ ਹੈ ਅਤੇ ਜਿਸ ਨੂੰ ਗਿਆਨ ਦੇ ਸੁਤੰਤਰ ਪ੍ਰਸਾਰ ਦਾ ਮਾਧਿਅਮ ਮੰਨਿਆ ਜਾ ਰਿਹਾ ਹੈ, ਦੀ ਨਿੱਜੀ ਖੇਤਰ ਵਿੱਚ ਮੁਨਾਫ਼ੇ ਕਮਾਉਣ ਹਿਤ ਵਰਤੋਂ ਰਾਹੀਂ ਇਸ ਦੀ ਕ੍ਰਾਂਤੀਕਾਰੀ ਭੂਮਿਕਾ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਰੌਚਕ ਤੱਥ ਇਹ ਹੈ ਕਿ ਇੰਟਰਨੈਟ ਦੀ ਤਕਨਾਲੋਜੀ ਦਾ ਵਿਕਾਸ ਕਿਸੇ ਨਿੱਜੀ ਖੇਤਰ ਦੀ ਕੰਪਨੀ ਦੀ ਪਹਿਲ ਕਦਮੀ ਦਾ ਨਤੀਜਾ ਨਹੀਂ

ਸਗੋਂ ਜਨਤਕ ਖੇਤਰ ਵਿੱਚ ਹੋਈ ਖੋਜ ਦਾ ਪਰਿਣਾਮ ਹੈ। ਇੰਟਰਨੈਟ ਤਕਨਾਲੋਜੀ ਅਮਰੀਕਾ ਵਿੱਚ ਹੀ ਰੱਖਿਆ ਅਤੇ ਹੋਰ ਵਿਗਿਆਨਕ ਖੋਜ ਦੇ ਪਾਸਾਰ ਵਿਚੋਂ ਰੂਪ ਧਾਰਦੀ ਹੈ ਜਿਸ ਵਿੱਚ ਯੂਨੀਵਰਸਿਟੀਆਂ ਵਿੱਚ ਖੋਜ ਕਰ ਰਹੇ ਵਿਗਿਆਨੀ ਆਪੋ ਆਪਣੇ ਗਿਆਨ ਨੂੰ ਇਕ ਦੂਜੇ ਨਾਲ ਸਾਂਝਾ ਕਰਦੇ ਹਨ। ਪਰ ਜਿਉਂ ਹੀ ਇੰਟਰਨੈਟ ਆਪਣੀ ਵਰਤਮਾਨ ਅਵਸਥਾ ਵਿੱਚ ਗਿਆਨ ਦੇ ਸੁਤੰਤਰ ਆਦਾਨ-ਪ੍ਰਦਾਨ ਦੀ ਇਕ ਸਪੇਸ ਦੀ ਸਿਰਜਣਾ ਕਰਨ ਦੇ ਸਮਰੱਥ ਹੋ ਜਾਂਦਾ ਹੈ ਤਿਉਂ ਹੀ ਤਿਉਂ ਹੀ ਇਸ ਦੇ ਨਿੱਜੀਕਰਨ ਅਤੇ ਨਿੱਜੀ ਲਾਭ ਹਿਤ ਵਰਤੋਂ ਕਰਨ ਦੀ ਮੰਗ ਉਭਰਦੀ ਹੈ। ਹੁਣ ਸਥਿਤੀ ਇਹ ਹੈ ਕਿ ਇੰਟਰਨੈਟ ਦੀ ਸੁਵਿਧਾ ਦੀ ਮਾਰਕੀਟਿੰਗ ਜ਼ਿਆਦਾਤਰ ਨਿੱਜੀ ਕੰਪਨੀਆਂ ਦੇ ਹੱਥ ਵਿੱਚ ਆ ਜਾਣ ਨਾਲ ਸੂਚਨਾ ਅਤੇ ਗਿਆਨ ਅਜਿਹੀ ਮਹਿੰਗੀ ਵਸਤ ਬਣ ਗਏ ਹਨ ਜਿਨ੍ਹਾਂ ਨੂੰ ਉਹੀ ਖ਼ਰੀਦ ਸਕਦਾ ਹੈ ਜਿਸ ਕੋਲ ਇਸ ਸਹੂਲਤ ਨੂੰ ਹਾਸਿਲ ਕਰਨ ਅਤੇ ਫਿਰ ਲੋੜੀਂਦਾ ਗਿਆਨ ਖਰੀਦਣ ਲਈ ਧਨ ਹੈ। ਨਿੱਜੀਕਰਨ ਨਾਲ ਮਹੱਤਵਪੂਰਣ ਇੰਟਰਨੈਟ ਸਾਈਟਸ ਨਿੱਜੀ ਕੰਪਨੀਆਂ ਦੁਆਰਾ ਸਪੌਂਸਰ ਹੋ ਰਹੀਆਂ ਹਨ ਜਿਸ ਨਾਲ ਲੋੜੀਂਦੇ ਗਿਆਨ ਸ੍ਰੋਤ ਤਕ ਪਹੁੰਚਣ ਲਈ ਉਨ੍ਹਾਂ ਕੰਪਨੀਆਂ ਦੀਆਂ ਅਕਾਊ ਮਸ਼ਹੂਰੀਆਂ ਵਿਚੋਂ ਗੁਜ਼ਰਨਾ ਪੈਂਦਾ ਹੈ, ਜਿਸ ਨਾਲ ਉਪਰੇਸ਼ਨ ਦੀ ਲਾਗਤ ਇਸ ਕਦਰ ਵਧ ਜਾਂਦੀ ਹੈ ਕਿ ਆਮ ਬੰਦਾ ਉਸ ਗਿਆਨ ਤਕ ਪਹੰਚਣ ਦਾ ਮੁੱਲ ਹੀ ਨਹੀਂ ਤਾਰ ਸਕਦਾ। ਇੰਝ ਹੀ ਸੈਟੇਲਾਈਟ ਟੈਲੀਵੀਜ਼ਨ ਦੁਆਰਾ ਵਰਤੇ ਜਾ ਰਹੇ ਮੂਲ ਤਕਨੀਕੀ ਸਰੋਤਾਂ(ਉਪਗ੍ਰਿਹਾਂ) ਦੇ ਵਿਕਾਸ ਅਤੇ ਉਤਪਾਦਨ ਵਿੱਚ ਵੀ ਜਨਤਕ ਧਨ ਹੀ ਲੱਗਿਆ ਹੋਇਆ ਹੈ,ਜਿਸ ਦੀ ਵਰਤੋਂ ਹੁਣ ਨਿੱਜੀ ਲਾਭ ਹਿਤ ਹੋ ਰਹੀ ਹੈ। ਇੱਕ ਵਿਸ਼ਲੇਸ਼ਣ ਅਨੁਸਾਰ ਸੂਚਨਾ ਤਕਨਾਲੋਜੀ ਦੀਆਂ ਉਚਤਮ ਪ੍ਰਾਪਤੀਆਂ ਦੇ ਨਿੱਜੀਕਰਨ ਨਾਲ ਇਸ ਖੇਤਰ ਵਿੱਚ ਹੋਣ ਵਾਲੇ ਅਗਲੇ ਵਿਕਾਸ ਦੇ ਰਸਤੇ ਵਿੱਚ ਰੋਕਾਂ ਪੈਦਾ ਹੋ ਰਹੀਆਂ ਹਨ। ਇੰਟਰਨੈਟ ਦੀ ਗਤੀ, ਗਿਣਾਤਮਕ ਅਤੇ ਗੁਣਾਤਮਕ ਸਮਰੱਥਾ ਵਧਾਉਣ ਲਈ ਜਿੰਨਾ ਧਨ ਅਤੇ ਸਮਾਂ ਚਾਹੀਦਾ ਹੈ ਉਹ ਨਿੱਜੀ ਖੇਤਰ ਦੀਆਂ ਕੰਪਨੀਆਂ ਨੂੰ ਵਾਰਾ ਨਹੀਂ ਖਾਂਦਾ। ਇਸ ਤਰ੍ਹਾਂ ਨਿੱਜੀਕਰਨ ਨਾਲ ਜੁੜੀ ਹੋਈ ਗਲੋਬਕਾਰੀ ਸੂਚਨਾ-ਕ੍ਰਾਂਤੀ ਦੇ ਰਸਤੇ ਦਾ ਰੋੜਾ ਬਣੀ ਹੋਈ ਹੈ. ਇਸ ਸਬੰਧ ਵਿੱਚ ਭਾਰਤ ਦੀ ਮਿਸਾਲ ਲਈ ਜਾ ਸਕਦੀ ਹੈ ਜਿੱਥੇ ਸੰਚਾਰ ਦੇ ਖੇਤਰ ਵਿੱਚ ਬਜ਼ਾਰ ਵਿੱਚ ਉਤ੍ਰਰੀਆਂ ਕੰਪਨੀਆਂ ਹੁਣ ਤਕ ਜਨਤਕ ਖੇਤਰ ਵਲੋਂ ਉਸਾਰੇ ਸੰਚਾਰ ਨੈਟਵਰਕ ਨੂੰ ਹੀ ਵਰਤ ਰਹੀਆਂ ਹਨ ਅਤੇ ਜਨਤਕ ਇਦਾਰਿਆਂ ਦੇ ਮੁਕਾਬਲੇ ਵਧੇਰੇ ਲਾਭ ਕਮਾ ਰਹੀਆਂ ਹਨ ਪਰ ਅਪਣਾ ਇਨਫ਼ਰਾਸਟ੍ਰਕਚਰਲ ਨੈਟਵਰਕ ਉਸਾਰਣ ਵਿੱਚ ਉਨ੍ਹਾਂ ਦਾ ਪੂਜੀ ਨਿਵੇਸ਼ ਨਾਂਹ ਦੇ ਬਰਾਬਰ ਹੀ ਹੈ। ਕੁਲ ਮਿਲਾ ਕੇ ਸੂਚਨਾ ਤਕਨਾਲੋਜੀ ਦੇ ਵਿਕਾਸ ਨਾਲ ਗਿਆਨ ਦੇ ਖੁਲ੍ਹੇ ਆਦਾਨ-ਪ੍ਰਦਾਨ ਦੀਆਂ ਪੈਦਾ ਹੋਈਆਂ ਸੰਭਾਵਨਾਵਾਂ ਨਿੱਜੀਕਰਨ ਨਾਲ ਜੁੜੀ ਗਲੋਬਕਾਰੀ ਦੇ ਕੁਚੱਕਰ ਵਿੱਚ ਮੱਧਮ ਪੈ ਰਹੀਆਂ ਹਨ ਅਤੇ ਵਿਰਲੇ-ਟਾਵੇਂ ਸਰਦੇ-ਪੁੱਜਦਿਆਂ ਨੂੰ ਛੱਡ ਕੇ ਵਿਸ਼ਾਲ ਜਨ ਸਮੂਹ ਗਿਆਨ ਹਾਸਿਲ ਕਰਨ ਦੇ ਅਧਿਕਾਰਾਂ ਤੋਂ ਵੰਚਿਤ ਹੋ ਰਿਹਾ ਹੈ ਅਤੇ ਮਾਨਵੀ ਵਿਕਾਸ ਦੀ ਇਤਿਹਾਸਿਕ ਪ੍ਰਕਿਰਿਆ ਤੋਂ ਲਾਂਭੇ ਰੱਖਿਆ ਜਾ ਰਿਹਾ ਹੈ।

ਉਪਰੋਕਤ ਚਰਚਾ ਤੋਂ ਲਘੁੱਤਮ ਇਹ ਨਿਕਲਦਾ ਹੈ ਕਿ ਅਖੌਤੀ ਗਲੋਬਕਾਰੀ ਸੰਸਾਰ ਦੇ ਵਿਭਿੰਨ ਖਿੱਤਿਆਂ-ਕੌਮਾਂ ਨੂੰ ਆਪੋ ਵਿੱਚ ਜੋੜਨ ਵਾਲੀ ਪ੍ਰਕਿਰਿਆ ਨਾ ਹੋ ਕੇ ਇੱਕ ਸੰਸਾਰ ਦੀ ਦੂਜੇ ਸੰਸਾਰ ਉਪਰ ਪ੍ਰਭੁਤਾ ਸਥਾਪਿਤ ਕਰਨ ਦਾ ਮਾਧਿਅਮ ਹੈ। ਇਸ ਵਿੱਚ ਜੇ ਕੋਈ ਸੰਗਠਿਤ ਹੋ ਰਿਹਾ ਹੈ ਤਾਂ ਉਹ ਵਿਕਸਿਤ ਦੇਸ਼ਾਂ ਦੀਆਂ ਸਾਮਰਾਜੀ ਜਮਾਤਾਂ ਅਤੇ ਵਿਕਾਸਸ਼ੀਲ ਦੇਸ਼ਾਂ ਦੀ ਦਲਾਲ ਸਰਮਾਏਦਾਰੀ ਹੈ ਅਤੇ ਗਲੋਬਕਾਰੀ ਦੇ ਪ੍ਰਵਚਨ ਵਿੱਚ ਨਿਹਿਤ ਭਵਿੱਖ ਦੇ ਸੁਨਹਿਰੀ ਸੁਪਨਿਆਂ ਦਾ ਲੁਭਾਉਣਾ ਬਿੰਬ ਇਸ ਗਠਜੋੜ ਦੇ ਇਰਾਦਿਆਂ ਅਤੇ ਸਫਲਤਾ ਦੇ ਇੱਛਿਤ ਜਗਤ ਦੀ ਤਰਜ਼ਮਾਨੀ ਕਰਦਾ ਹੈ। ਇਨ੍ਹਾਂ ਜਮਾਤਾਂ ਦੇ ਮੁਕਾਬਲੇ ਸਮੁੱਚੇ ਸੰਸਾਰ ਦੀ ਕਿਰਤ ਸ਼ਕਤੀ, ਵਿਕਾਸਸ਼ੀਲ ਦੇਸ਼ਾਂ ਦੇ ਕਿਸਾਨ ਅਤੇ ਹੇਠਲੀ ਮੱਧ-ਸ਼੍ਰੇਣੀ ਆਪਣੀ ਮਾਸੂਮੀਅਤ ਵਿੱਚ ਹੀ ਬੰਦੀ ਬਣਾ ਲਈ ਗਈ ਹੈ। ਇਸ ਤਰ੍ਹਾਂ ਗਲੋਬਕਾਰੀ ਦਾ ਵਰਤਮਾਨ ਪ੍ਰਵਚਨ ਨਵ-ਬਸਤੀਵਾਦ ਦਾ ਪ੍ਰਵਚਨ ਹੈ। ਇਸ ਨਾਤੇ ਇਸ ਰਹੀਂ ਵਰਤਮਾਨ ਇਤਿਹਾਸਿਕ ਪ੍ਰਕਿਰਿਆ ਦੀ ਸਹੀ ਵਿਆਖਿਆ ਨਾ ਕਰਕੇ ਬਸਤੀਵਾਦੀ ਹਿਤਾਂ ਦਾ ਵਿਸ਼ਵਵਿਆਪੀਕਰਨ ਕੀਤਾ ਜਾ ਰਿਹਾ ਹੈ।

ਨਵ-ਬਸਤੀਵਾਦ ਦੇ ਪ੍ਰਵਚਨ ਦੇ ਰੂਪ ਵਿੱਚ ਗਲੋਬਕਾਰੀ ਦਾ ਪੰਜਾਬੀ ਸਮਾਜ, ਸਭਿਆਚਾਰ ਅਤੇ ਚੇਤਨਾ ਨਾਲ ਰਿਸ਼ਤਾ ਵੀ ਇਕਹਿਰਾ ਜਾਂ ਸਪਸ਼ਟ ਨਾ ਹੋ ਕੇ ਸਮੱਸਿਆਤਮਕ ਹੈ। ਗਲੋਬਕਾਰੀ ਦੇ ਸਥਾਪਿਤ ਪ੍ਰਵਚਨ ਦੇ ਸਨਮੁਖ ਪੰਜਾਬੀ ਸਮਾਜ ਅਤੇ ਚੇਤਨਾ ਵੱਖੋ-ਵੱਖ ਤਰੀਕੇ ਨਾਲ ਹੁੰਗਾਰਾ ਭਰ ਰਹੇ ਹਨ। ਇਕ ਪਾਸੇ ਸਰਕਾਰੀ ਅਫ਼ਸਰਸ਼ਾਹੀ, ਫ਼ਾਇਨੈਂਸਰਜ਼,ਨਿੱਜੀ-ਵਪਾਰਕ ਵਿੱਦਿਅਕ-ਸੰਸਥਾਵਾਂ ਦੇ ਮਾਲਕ, ਆਪਣੇ ਅਨੁਭਵੀ ਜਗਤ ਵੱਲ ਪਿੱਠ ਕਰਕੇ ਅਕਾਦਮਿਕ ਫ਼ੈਸ਼ਨਾਂ ਦੀ ਗ੍ਰਿਫ਼ਤ ਵਿੱਚ ਦਿਨਕਟੀ ਕਰਨ ਵਾਲਾ ਪੰਜਾਬੀ ਬੁਧੀਜੀਵੀ ਸਮੂਹ, ਮੀਡੀਆ, ਬੌਧਿਕ ਸਰਗਰਮੀ ਵਿੱਚ ਹਿੱਸਾ ਲੈਣ ਵਾਲੇ ਅਤੇ ਸਰਕਾਰੀ ਸੰਸਥਾਵਾਂ

ਵਿੱਚ ਬੈਠੇ ਸੱਤਾ ਦੇ ਪੁਰੋਹਿਤ ਹਨ ਜਿਹੜੇ ਬੰਦ ਆਰਥਿਕਤਾ ਦੀਆਂ ਕਲਿਆਣਕਾਰੀ ਨੀਤੀਆਂ ਦੀ ਸੁਰੱਖਿਆ ਛਤਰੀ ਹੇਠ ਪੱਲਰਣ ਤੋਂ ਬਾਅਦ ਹੁਣ ਆਪਣਾ ਭਵਿੱਖ ਨਿੱਜੀਕਰਨ, ਉਦਾਰੀਕਰਨ ਅਤੇ ਗਲੋਬਕਾਰੀ ਵਿੱਚ ਦੇਖ ਰਹੇ ਹਨ ਅਤੇ ਦੂਜੇ ਪਾਸੇ ਪੰਜਾਬ ਦੀ ਵਿਸ਼ਾਲ ਕਿਸਾਨੀ, ਛੋਟੀ ਸੱਨਅਤ ਦੇ ਮਾਲਕ ਅਤੇ ਮਜਦੂਰ ਜਮਾਤ, ਅਫ਼ਸਰਸ਼ਾਹੀ ਤੋਂ ਬਿਨਾ ਪਬਲਿਕ ਸੈਕਟਰ ਵਿੱਚ ਕੰਮ ਕਰਦੇ ਮੁਲਾਜ਼ਮ ਅਤੇ ਬੇਰੁਜਗਾਰ ਪੰਜਾਬੀ ਨੌਜਵਾਨਾ ਦੀ ਫੌਜ ਉਹ ਲੋਕ ਹਨ ਜਿਨ੍ਹਾਂ ਦੇ ਸੀਨਿਆਂ ਉਪਰ ਗਲੋਬਕਾਰੀ ਦਾ ਸੇਕ ਲੱਗਣਾ ਸ਼ੁਰੂ ਹੋ ਗਿਆ ਹੈ। ਇਸ ਹਾਲਤ ਵਿੱਚ ਇਨ੍ਹਾਂ ਲਈ ਗਲੋਬਕਾਰੀ ਤਬਾਹੀ ਦਾ ਚਿਹਨ ਬਣ ਗਈ ਹੈ: ਅੰਤਰਰਾਸ਼ਟਰੀ ਆਰਥਿਕ ਨੀਤੀਆਂ ਨੂੰ ਅਪਣਾਏ ਜਾਣ ਉਪਰੰਤ ਕਿਸਾਨਾ ਦੀਆਂ ਜਿਨਸਾਂ ਰੁਲ ਰਹੀਆਂ ਹਨ, ਪਬਲਿਕ ਸੈਕਟਰ ਦੇ ਸੁੰਗੜਨ ਨਾਲ ਰੁਜਗਾਰ ਦੇ ਮੌਕੇ ਘਟ ਰਹੇ ਹਨ, ਪੰਜਾਬ ਵਿੱਚ ਗਲੋਬਕਾਰੀ ਨਾਲ ਨਵੀਂ ਸੱਨਅਤ ਤਾਂ ਕੀ ਲੱਗਣੀ ਹੈ ਪੁਰਾਣੀਆਂ ਛੋਟੀਆਂ ਸੱਨਅਤਾਂ ਬੰਦ ਹੋ ਰਹੀਆਂ ਹਨ ਜਿਸ ਦੇ ਸਿੱਟੇ ਵਜੋਂ ਲੱਖਾਂ ਮਜਦੂਰ ਬੇਰੁਜਗਾਰ ਹੋ ਰਹੇ ਹਨ, ਵਿੱਦਿਅਕ ਖੇਤਰ ਵਿਚੋਂ ਸਰਕਾਰਾਂ ਦੇ ਪੈਰ ਖਿਸਕਾਉਣ ਨਾਲ ਇੱਕ ਪਾਸੇ ਵਿੱਦਿਆ ਇਕਦਮ ਮਹਿੰਗੀ ਹੋ ਗਈ ਹੈ ਅਤੇ ਮੁਠੀ ਭਰ ਲੋਕਾਂ ਦੀ ਪਹੁੰਚ ਵਿੱਚ ਰਹਿ ਗਈ ਹੈ ਅਤੇ ਦੂਜੇ ਪਾਸੇ ਫ਼ਾਰਮਲ ਵਿੱਦਿਆ ਪ੍ਰਾਪਤ ਹਜ਼ਾਰਾਂ ਨੌਜਵਾਨ ਜਾਂ ਤਾਂ ਬੇਰੁਜਗਾਰ ਹਨ ਅਤੇ ਜਾਂ ਫੇਰ ਅਰਧ-ਰੁਜਗਾਰ ਉੱਤੇ ਲੱਗੇ ਹਨ। ਸਭ ਤੋਂ ਰੌਚਕ ਤੱਥ ਇਹ ਹੈ ਕਿ ਤਨਖ਼ਾਹਦਾਰ ਲੋਕਾਂ ਦੀਆਂ ਛੋਟੀਆਂ ਬੱਚਤਾਂ ਦੇ ਲਾਭ ਵਿਸ਼ਵ ਭਰ ਵਿੱਚ ਇਕਸਾਰ ਵਿਆਜ਼ਦਰ ਦੇ ਲਾਗੂ ਹੋਣ ਨਾਲ ਅਚੋਪਲੇ ਹੀ ਉਨ੍ਹਾਂ ਦੇ ਹੱਥਾਂ ਵਿੱਚੋਂ ਖਿਸਕਰਹੇ ਹਨ ਅਤੇ ਅਸਿੱਧੇ ਢੰਗ ਨਾਲ ਲੋਕਾਂ ਨੂੰ ਸ਼ੇਅਰ ਮਾਰਕੀਟ ਵਿਚਲੀ ਸਪੈਕੂਲੇਸ਼ਨ ਵਿੱਚ ਧਨ ਲਗਾਉਣ ਅਤੇ ਜਾਂ ਆਪਣੇ ਧਨ ਦਾ ਫ਼ੌਰੀ ਉਪਭੋਗ ਕਰਨ ਵੱਲ ਧੱਕਿਆ ਜਾ ਰਿਹਾ ਹੈ।ਇਸ ਨਿਰਾਸ਼ਾਮਈ ਅਤੇ ਭਿਆਨਕ ਸਥਿਤੀ ਵਿੱਚ ਪ੍ਰਮਾਣਿਕ ਪੰਜਾਬੀ ਚੇਤਨਾ ਗਲੋਬਕਾਰੀ ਦੇ ਨਵ-ਬਸਤੀਵਾਦੀ ਪ੍ਰਵਚਨ ਨੂੰ ਰੱਦ ਕਰਨ ਦੇ ਰਸਤੇ ਹੀ ਤੁਰੇਗੀ। ਪਰ ਵਿਡੰਬਨਾ ਇਹ ਹੈ ਕਿ ਪ੍ਰਮਾਣਿਕ ਚੇਤਨਾ ਪੈਦਾ ਕਰਨ ਲਈ ਜ਼ਿੰਮੇਵਾਰ ਸ਼ਕਤੀਆਂ ਹਾਲੇ ਆਰਥਿਕਤਾਵਾਦ ਤੋਂ ਬਾਹਰ ਨਹੀਂ ਨਿਕਲ ਰਹੀਆਂ, ਵੱਖ-ਵੱਖ ਖੇਤਰਾਂ ਦੀਆਂ ਟ੍ਰੇਡ ਯੂਨੀਅਨਾਂ ਆਪਣੇ ਬੰਦ ਦਾਇਰਿਆਂ ਤੋਂ ਬਾਹਰ ਸਮੱਸਿਆ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰਸੰਗ ਵਿੱਚ ਰੱਖ ਕੇ ਸਮਝਣ ਅਤੇ ਸੰਗਠਿਤ ਹੋਣ ਦੇ ਰਸਤੇ ਨਹੀਂ ਤੁਰ ਰਹੀਆਂ। ਇਨ੍ਹਾਂ ਦੇ ਮੁਕਾਬਲੇ ਜਿੱਥੇ ਸਰਮਾਇਆ ਅਤੇ ਸਰਮਾਏਦਾਰ ਗਲੋਬ ਦੀ ਪੱਧਰ ਉੱਤੇ ਸੰਗਠਿਤ ਹੋ ਗਏ ਹਨ ਉੱਥੇ ਹੇਠਲੇ ਵਰਗਾਂ ਦੀ ਸੰਘਰਸ਼ ਸਮਰੱਥਾ ਨੂੰ ਖੇਤਰੀ, ਸੰਪਰਦਾਇਕ, ਨਸਲੀ ਅਤੇ ਜਾਤੀ ਵਿਰੋਧਾਂ ਅਤੇ ਟਕਰਾਵਾਂ ਦੇ ਰਸਤੇ ਪਾ ਕੇ ਇੱਕ ਖੰਡ-ਖੰਡ ਸੰਸਾਰ ਉਸਾਰਿਆ ਜਾ ਰਿਹਾ ਹੈ।ਪੰਜਾਬ ਦੀਆਂ ਇਲੀਟ ਸ਼੍ਰੇਣੀਆਂ ਅਪਣੇ ਆਰਥਿਕ-ਸਿਆਸੀ ਹਿਤਾਂ ਦੀ ਪੂਰਤੀ ਲਈ ਪੰਜਾਬੀ ਚੇਤਨਾ ਨੂੰ ਆਧੁਨਿਕੀਕਰਨ ਦੇ ਰਸਤੇ ਪਾਉਣ ਦੀ ਥਾਂ ਇਨ੍ਹਾਂ ਵਿਰੋਧਾਂ ਨੂੰ ਉਭਾਰ ਰਹੀਆਂ ਹਨ।ਇਸ ਪ੍ਰਕਿਰਿਆ ਵਿੱਚ ਵਿਕਾਸ ਤੋਂ ਵਿਛੁੰਨੇ ਗਏ ਕਰੋੜਾਂ ਲੋਕਾਂ ਦੇ ਸੰਗਠਿਤ ਹੋਣ ਦੀ ਸੂਰਤ ਵਿੱਚ ਪੈਦਾ ਹੋਣ ਵਾਲੇ ਸੰਭਾਵਿਤ ਖ਼ਤਰਿਆਂ ਨੂੰ ਟਾਲਣ ਲਈ ਅਜਿਹਾ ਖੰਡ-ਖੰਡ ਸੰਸਾਰ ਨਵ-ਬਸਤੀਵਾਦੀ ਸ਼ਕਤੀਆਂ ਦੇ ਹਿਤਾਂ ਦਾ ਅਨੁਸਾਰੀ ਹੈ। ਦੂਜੇ ਹੱਥ ਆਮ ਮਨੁੱਖ ਦੀ ਜ਼ਿੰਦਗੀ ਵਿਚਲੇ ਵਿਹਲੇ ਸਮੇਂ ਨੂੰ ਸੈਟੇਲਾਈਟ ਟੈਲੀਵੀਜ਼ਨ ਵਿਚਲੇ ਬਹੁ-ਭਿੰਨ ਪ੍ਰੋਗਰਾਮਾਂ ਦੀ ਚਮਕ ਦਮਕ ਦੇ ਆਕਰਸ਼ਣ ਵਿੱਚ ਖ਼ਪਤ ਕਰਕੇ ਅਜਿਹੇ ਵਿਅਕਤੀ ਦੀ ਸਿਰਜਣਾ ਹੋ ਰਹੀ ਹੈ ਜਿਸ ਦਾ ਆਪਣੇ ਘਰ ਤੋਂ ਬਾਹਰ ਕੋਈ ਸਰੋਕਾਰ ਨਹੀਂ, ਜਿਸ ਦੀ ਰਜਨੀਤੀ ਵਿੱਚ ਕੋਈ ਡੂੰਘੀ ਦਿਲਚਸਪੀ ਨਹੀਂ,ਜਿਸ ਲਈ ਵਾਸਤਵਿਕ ਸੰਸਾਰ ਨਾਲੋਂ ਵਧੇਰੇ ਵਾਸਤਵਿਕ ਮੀਡੀਆ ਵਲੋਂ ਪਰੋਸੇ ਜਾ ਰਹੇ ਬਿੰਬ ਹਨ ਅਤੇ ਇੱਥੋਂ ਤਕ ਕਿ ਉਹ ਆਪਣੇ ਆਪ ਨੂੰ ਵੀ ਇਨ੍ਹਾਂ ਬਿੰਬਾਂ ਵਿੱਚੋਂ ਹੀ ਸਿਆਣਦਾ ਹੈ। ਇਹ ਵਿਅਕਤੀ ਇੱਕ ਅਰਾਜਸੀ ਨਿਸ਼ਕ੍ਰਿਆ ਉਪਭੋਗੀ ਹੈ।ਨਜ਼ਰਾਂ ਸਾਹਮਣੇ ਛਿਣ ਛਿਣ ਤਿਲਕਦੇ ਦ੍ਰਿਸ਼ਾਂ ਨੂੰ ਦੇਖਦਾਇਹ ਵਿਅਕਤੀ 'ਨਜ਼ਰ ਟਿਕਾਉਣ' ਦੀ ਥਾਂ ਰਿਮੋਟ ਕੰਟਰੋਲ ਨਾਲ ਨਿਰੰਤਰ ਚੈਨਲ ਬਦਲਦਾ ਮਜ਼ੇਦਾਰ ਤੋਂ ਮਜ਼ੇਦਾਰ ਦ੍ਰਿਸ਼ਾਂ ਦੀ ਭਾਲ ਵਿੱਚ ਇਹ ਦੇਖਣ/ ਸੋਚਣ/ ਸਮਝਣ ਦੀ ਸਮਰੱਥਾ ਗਵਾ ਬੈਠਦਾ ਹੈ ਕਿ ਉਸ ਦਾ ਆਪਣਾ ਰਿਮੋਟ ਕੰਟਰੋਲ ਕਿਸ ਦੇ ਹੱਥ ਹੈ।ਉਸ ਦੀ ਸੁਰਤ ਸ਼ਬਦ ਵਿੱਚ ਨਹੀਂ ਟਿਕਦੀ ਸਗੋਂ ਸਨਸਨੀਖੇਜ਼ 'ਤੇ ਉਕਸਾਊ ਦ੍ਰਿਸ਼ਾਂ ਦੇ ਆਭਾ ਮੰਡਲ ਵਿੱਚ ਸੰਨ ਹੋ ਜਾਂਦੀ ਹੈ। ਪੰਜਾਬੀ ਨੌਜਵਾਨਾਂ ਦੀ ਚੇਤਨਾ ਅਤੇ ਸਭਿਆਚਾਰਕ ਹੋਂਦ ਉਨ੍ਹਾਂ ਦ੍ਰਿਸ਼ਾਂ ਦੀ ਗਰਮੀ ਵਿੱਚ ਪਿਘਲ ਰਹੀ ਹੈ।

ਸੈਟੇਲਾਈਟ ਟੈਲੀਵੀਜ਼ਨ ਦੀ ਰਾਜਸੀ-ਆਰਥਿਕਤਾ ਵਿੱਚ ਜਾਈਏ ਤਾਂ ਨਵ-ਬਸਤੀਵਾਦੀ ਦੇਸ਼ਾਂ ਦੇ ਮਨੋਰੰਜਨ ਉਦਿਯੋਗ ਵਿੱਚ ਹੋ ਰਹੇ ਅਸੀਮਤ ਲਾਭਾਂ ਦੇ ਅੰਕੜੇ ਉਪਲਬਧ ਹਨ ਜਿਨ੍ਹਾਂ ਦੇ ਮੁਕਾਬਲੇ ਵਿਕਾਸਸ਼ੀਲ ਦੇਸ਼ਾਂ ਦੇ 'ਸਥਾਨਕ ਸਭਿਆਚਾਰਾਂ' ਦੇ ਮਾਰਕੀਟੇਬਲ ਅੰਸ਼ਾਂ ਨੂੰ ਛੱਡ ਕੇ ਬਾਕੀ ਸਭਿਆਚਾਰਕ ਰੂਪਾਂ ਲਈ ਕੋਈ ਵਿਸ਼ਵ ਬਜ਼ਾਰ ਨਹੀਂ ਹੈ। ਮਿਸਾਲ ਦੇ ਤੌਰ 'ਤੇ ਭਮਗੜੇ ਦੀ ਤਾਲ ਪੰਜਾਬੀ ਹੱਦਾਂ ਤੋਂ ਪਾਰ

ਹਰਮਨਪਿਆਰੀ ਹੋਈ ਹੈ ਪਰ ਉਸਨੂੰ ਵੀ ਪੂਰੀ ਤਰ੍ਹਾਂ ਵਿਕਰੀਯੋਗ ਬਨਾਉਣ ਲਈ ਅਰਧ-ਨਗਨ ਔਰਤਾਂ ਦੇ ਨਾਚ ਅਤੇ ਓਪਰੇ ਸਭਿਆਚਾਰਕ ਦ੍ਰਿਸ਼ਾਂ ਅਤੇ ਵਿਹਾਰ ਦਾ ਨੁੰਮਣਾ ਦੇਣਾ ਪੈਂਦਾ ਹੈ।ਪੰਜਾਬੀ ਦਾ ਮੀਡੀਆ ਬਿੰਬ ਬੌਧਿਕ ਤੌਰ 'ਤੇ ਅਵਿਕਸਿਤ ਇੱਕ ਹੱਸਣ-ਨੱਚਣ ਵਾਲੇ ਜੋਕਰਨੁਮਾ ਵਿਅਕਤੀ ਦਾ ਹੈ ਜੋ ਨਾ ਕਦੇ ਚਿੰਤਿਤ ਹੁੰਦਾ ਹੈ ਅਤੇ ਨਾ ਹੀ ਕਦੇ ਚਿੰਤਨ ਕਰਦਾ ਹੈ। ਜੇ ਇਸ ਬਿੰਬ ਨੂੰ ਸਵਿਕਾਰ ਕੀਤਾ ਜਾ ਰਿਹਾ ਹੈ ਤਾਂ ਨਿਸ਼ਚੇ ਹੀ ਪੰਜਾਬੀ ਸਭਿਆਚਾਰਕ ਚੇਤਨਾ ਹੀਣੇਪਨ ਦਾ ਸ਼ਿਕਾਰ ਹੋ ਗਈ ਹੈ। ਪੰਜਾਬ ਦੀ ਪ੍ਰਮਾਣਿਕ ਚੇਤਨਾ ਦੀ ਉਸਾਰੀ ਵਿੱਚ ਉਕਤ ਅਵਚਨਾ ਕਾਰਣ ਜਿੱਥੇ ਅਣਭੋਲ ਨੌਜਵਾਨ ਪੀੜ੍ਹੀ ਨਸ਼ਿਆਂ, ਹਿੰਸਾ ਅਤੇ ਖ਼ੁਦਕਸ਼ੀਆਂ ਦੇ ਰਸਤੇ ਤੁਰੀ ਹੋਈ ਹੈ ਉੱਥੇ ਬਹੁਤੇ ਪੰਜਾਬੀ ਬੁੱਧਜੀਵੀ ਸਥਾਪਤੀ ਦੀ ਸ਼ਬਦਾਵਲੀ ਵਿੱਚ ਸੰਕਟ ਬਾਰੇ ਵਿਚਾਰ ਵਿਮਰਸ਼ ਤਾਂ ਕਰਦੇ ਹਨ ਪਰ ਕਿਸੇ ਸਮਾਨਾਂਤਰ ਬੌਧਿਕ ਲਹਿਰ ਦੀ ਉਸਾਰੀ ਉਨ੍ਹਾਂ ਦਾ ਆਦਰਸ਼ ਨਹੀਂ ਰਹਿ ਗਈ। ਪੰਜਾਬੀ ਸਾਹਿਤ ਚੇਤਨਾ ਦੇ ਸੰਦਰਭ ਵਿੱਚ ਗੱਲ ਕਰੀਏ ਤਾਂ ਅਸੀਂ ਦੇਖ ਸਕਦੇ ਹਾਂ ਕਿ ਸਾਡੇ ਵਿੱਚ ਪੱਛਮੀ ਸਾਹਿਤ ਚੇਤਨਾ ਇਸ ਕਦਰ ਭਾਰੂ ਹੈ ਕਿ ਅਸੀਂ ਪੱਛਮੀ ਸਾਹਿਤ ਚਿੰਤਨ ਵਿਚੋਂ ਸਿਰਫ਼ ਡਿਸਕਵਰੀ ਪ੍ਰੋਸੀਜ਼ਰ ਹੀ ਉਧਾਰੇ ਨਹੀਂ ਲੈ ਰਹੇ ਸਗੋਂ ਸਾਹਿਤ ਆਦਰਸ਼ ਵੀ ਅਪਨਾ ਰਹੇ ਹਾਂ।ਜਦੋਂ ਬੇਗਾਨੇ ਸਾਹਿਤ ਆਦਰਸ਼ ਅਪਨਾਏ ਜਾਂਦੇ ਹਨ ਤਾਂ ਇਸ ਤਰ੍ਹਾਂ ਕਰਦਿਆਂ ਅਸੀਂ ਆਪਣੀਆਂ ਸਭਿਆਚਾਰਕ ਕ੍ਰਿਤੀਆਂ ਦੀ ਨਿਗੂਣਤਾ ਨੂੰ ਵੀ ਸਵਿਕਾਰ ਕਰ ਰਹੇ ਹੁੰਦੇ ਹਾਂ। ਇਸ ਦੇ ਸਮਾਨਾਂਤਰ ਪੰਜਾਬੀ ਸਾਹਿਤ ਅਤੇ ਚਿੰਤਨ ਵਿੱਚ ਇਸ ਗਲੋਬਕਾਰੀ ਦੇ ਸਿਰਜਣਾਤਮਕ ਹੁੰਗਾਰੇ ਵਜੋਂ ਅਜਿਹੀ ਚਿੰਤਨ ਪ੍ਰਕਿਰਿਆ ਵੀ ਰੂਪ ਧਾਰ ਰਹੀ ਹੈ ਜਿਸ ਵਿੱਚ ਪੰਜਾਬ ਆਪਣੇ ਸਮੁੱਚੇ ਇਤਿਹਾਸ ਨੂੰ ਪੁਣਦਾ-ਛਾਣਦਾ ਨਵੀਆਂ ਸਿਰਜਣਾਵਾਂ ਦੀ ਤਲਾਸ਼ ਵਿੱਚ ਰੁੱਝਿਆ ਪ੍ਰਤੀਤ ਹੁੰਦਾ ਹੈ। ਇਹ ਆਤਮ ਮੰਥਨ ਪ੍ਰਕਿਰਿਆ ਹੀ ਗਲੋਬਕਾਰੀ ਦੀ ਨਵ-ਬਸਤੀਵਾਦੀ ਪ੍ਰਕਿਰਿਆ ਦਾ ਪ੍ਰਮਾਣਿਕ ਹੁੰਗਾਰਾ ਹੈ। ਪੰਜਾਬ ਵਿੱਚ ਪਹਿਲਾਂ ਵੀ ਸੱਤਾ ਦੁਆਰਾ ਆਰੰਭ ਕੀਤੇ ਦਮਨ ਚੱਕਰਾਂ ਦੇ ਸਮਾਨਾਂਤਰ ਆਪਣਾ ਮਾਨਵੀ-ਸਿਰਜਣਾਤਮਕ ਹੁੰਗਾਰਾ ਪੈਦਾ ਹੁੰਦਾ ਰਿਹਾ ਹੈ। ਮੁਗਲ ਸਲਤਨਤ ਅਧੀਨ ਸਥਾਪਿਤ ਸਾਮਰਾਜੀ ਸੱਤਾ ਦੇ ਸਮਾਨਾਂਤਰ ਭਗਤੀ ਲਹਿਰ ਅਤੇ ਆਦਿ-ਗ੍ਰੰਥ ਵਿੱਚ ਭਾਰਤੀ ਜਨ-ਜਨ ਦਾ ਇੱਕ ਸੰਗਠਨ ਉੱਸਰ ਰਿਹਾ ਦਿਖਦਾ ਹੈ। ਇਵੇਂ ਹੀ ਅਮਗਰੇਜ਼ਾਂ ਦੀ ਸਾਮਰਾਜੀ ਸੱਤਾ ਦੇ ਸਮਾਨਾਂਤਰ ਰਾਸ਼ਟਰੀ-ਮੁਕਤੀ ਅੰਦੋਲਨ ਵਿੱਚ ਸਮਾਨਾਂਤਰ ਰਾਸ਼ਟਰ ਦੀ ਸਿਰਜਣਾ ਦਾ ਮਾਡਲ ਇਸ ਗੱਲ ਦਾ ਪ੍ਰਮਾਣ ਹੈ ਕਿ ਅਸੀਂ ਸੱਤਾ ਦੇ ਪ੍ਰਵਚਨਾ ਦੇ ਸਮਾਨਾਂਤਰ ਮਾਨਵੀ ਆਜ਼ਾਦੀ ਦੇ ਨੁਕਤੇ ਤੋਂ ਆਪਣੇ ਪ੍ਰਵਚਨ ਉਸਾਰਦੇ ਰਹੇ ਹਾਂ। ਪੰਜਾਬੀ ਚੇਤਨਾ ਵਿੱਚ ਹਾਲੇ ਭਾਵੇਂ ਨਵ-ਬਸਤੀਵਾਦੀ ਪ੍ਰਵਚਨ ਦੇ ਰੂਪ ਵਿੱਚ ਗਲੋਬਕਾਰੀ ਦੀ ਨਿਰਖਵੀਂ ਪਛਾਣ ਨਾ ਹੋਣ ਕਰਕੇ ਸਮਾਨਾਂਤਰ ਗਲੋਬਲੀ ਚੇਤਨਾ ਸਪਸ਼ਟ ਰੂਪ ਵਿੱਚ ਸਾਕਾਰ ਨਹੀਂ ਹੋਈ ਪਰ ਗਲੋਬਕਾਰੀ ਦੇ ਪ੍ਰਭਾਵਾਂ ਦੇ ਖ਼ਿਲਾਫ਼ ਉਭਰ ਰਹੇ ਅੰਦੋਲਨਾ ਤੋਂ ਇਹ ਆਸ ਬੱਝਦੀ ਹੈ ਕਿ ਪੰਜਾਬੀ ਚੇਤਨਾ ਇਸ ਪ੍ਰਵਚਨ ਅੱਗੇ ਆਤਮ-ਸਮਰਪਣ ਕਰਨ ਦੀ ਬਜਾਏ ਇਸ ਨੂੰ ਰੱਦ ਕਰਨ ਦੇ ਰਸਤੇ ਤੁਰੇਗੀ ਅਤੇ ਸਮਾਨਾਂਤਰ ਗਲੋਬਲੀ-ਚੇਤਨਾ ਦੀ ਉਸਾਰੀ ਵਿੱਚ ਆਪਣਾ ਯੋਗਦਾਨ ਪਾਵੇਗੀ ਜਿਸ ਨਾਲ ਇੱਕ ਅੰਤਰ-ਰਾਸ਼ਟਰੀ, ਅੰਤਰ-ਨਿਰਭਰ ਪਰ ਆਪਣੀ ਪਛਾਣ ਨੂੰ ਕਾਇਮ ਰੱਖਣ ਵਾਲਾ ਸਮਾਜ ਉੱਸਰ ਸਕੇ ਜਿਸ ਵਿੱਚ ਵਿਗਿਆਨ ਅਤੇ ਤਕਨਾਲੋਜੀਕਲ ਵਿਕਾਸ ਦੀਆਂ ਪ੍ਰਾਪਤੀਆਂ ਸਮੁੱਚੀ ਮਨੁੱਖਤਾ ਦੇ ਹਿੱਸੇ ਆ ਸਕਣ।